# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

**ਪੰਜਵੀਂ ਮੰਜ਼ਿਲ, ਬਲਾਕ-ਈ, ਵਿੱਦਿਆ ਭਵਨ, ਫੇਜ਼-8, ਮੋਹਾਲੀ**

**ਫੋਨ ਨੰ. 0172-5212319/313, E-mail: icttech@punjabeducation.gov.in**


ਵੱਲ

1 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)

2 ਸਬੰਧਤ ਸਕੂਲ ਮੁਖੀ (ਨੱਥੀ ਲਿਸਟ ਅਨੁਸਾਰ),

ਪੰਜਾਬ।

ਮੀਮੋ ਨੰ:- I/1284396/2026 ਮਿਤੀ :- 06/01/2026

**ਵਿਸ਼ਾ- ਸਕੂਲਾਂ ਵਿਖੇ ਸਮੱਗਰਾ ਸਿੱਖਿਆ ਅਧੀਨ ਸਮਾਰਟ ਕਲਾਸਰੂਮਜ਼ ਬਣਾਉਣ ਲਈ Interactive Flat Panels (IFPs) ਦੀ ਇੰਸਟਾਲੇਸ਼ਨ ਸਬੰਧੀ।**

1 ਉਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਮੱਗਰਾ ਸਿੱਖਿਆ ਸਕੀਮ, PM Shri ਅਤੇ School of Eminence ਸਕੀਮ ਅਧੀਨ ਰਾਜ ਦੇ 4016 ਸਕੂਲਾਂ ਵਿਖੇ 8268 ਸਮਾਰਟ ਕਲਾਸਰੂਮ ਬਣਾਉਣ ਲਈ Interactive Flat Panels (IFPs) ਮੁਹੱਈਆ ਕਰਵਾਏ ਜਾ ਰਹੇ ਹਨ।

2 ਸਕੂਲਾਂ ਦੀ ਲਿਸਟ ਅਤੇ ਸਕੂਲ ਵਾਇਜ਼ ਸਮਾਰਟ ਕਲਾਸਰੂਮਜ਼ ਦੀ ਗਿਣਤੀ ਨੱਥੀ ਕੀਤੀ ਗਈ ਹੈ।

3 ਸਮਾਰਟ ਕਲਾਸਰੂਮਜ਼ ਵਿਖੇ IFPs ਦੀ ਸਪਲਾਈ, ਇੰਸਟਾਲੇਸ਼ਨ ਅਤੇ 5 ਸਾਲ ਰੱਖ-ਰਖਾਵ ਲਈ ਦੋ ਕੰਪਨੀਆਂ, M/s KS Smart Solutions Pvt. Ltd. ਅਤੇ M/s Edique Solutions Pvt. Ltd. ਦੀ ਚੋਣ ਕੀਤੀ ਗਈ ਹੈ। ਸਕੂਲ ਕਿਸ ਕੰਪਨੀ ਨੂੰ ਅਲਾਟ ਕੀਤਾ ਗਿਆ ਹੈ, ਇਸ ਦਾ ਵੇਰਵਾ ਸਕੂਲਾਂ ਦੀ ਨੱਥੀ ਲਿਸਟ ਵਿੱਚ ਦਿੱਤਾ ਗਿਆ ਹੈ। ਸਬੰਧਤ ਕੰਪਨੀ ਵੱਲੋਂ ਅਲਾਟ ਹੋਏ ਸਕੂਲਾਂ ਵਿੱਚ IFPs ਦੀ ਸਪਲਾਈ ਅਤੇ ਇੰਸਟਾਲੇਸ਼ਨ ਕੀਤੀ ਜਾਵੇਗੀ।

4 ਇੰਸਟਾਲ ਕੀਤੇ ਜਾਣ ਵਾਲੇ IFPs ਦਾ Make/Model ਹੇਠ ਅਨੁਸਾਰ ਹੈ:-

| S.No. | Name of the Company | Make/Model | Allotted Districts |
|---|---|---|---|
| 1 | M/s KS Smart Solutions Pvt. Ltd. | Acer- Altos EZB75 | AMRITSAR, FARIDKOT, FAZILKA, FIROZPUR, GURDASPUR, HOSHIARPUR, JALANDHAR, KAPURTHALA, LUDHIANA (Some Schools), MUKTSAR, PATHANKOT, TARAN TARAN |
| 2 | M/s Edique Solutions Pvt. Ltd | BenQ- RE7504A1 | BARNALA, BATHINDA, FATEHGARH SAHIB, LUDHIANA (Some Schools), MALERKOTLA, MANSA, MOGA, MOHALI, NAWANSHAHR, PATIALA, RUPNAGAR, SANGRUR |

5 ਸਬੰਧਤ ਸਕੂਲਾਂ ਨੂੰ ਇੰਸਟਾਲੇਸ਼ਨ ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਦੀਆਂ ਹਨ:-

(i) ਸਮਾਰਟ ਕਲਾਸਰੂਮਾਂ ਦੀ ਗਿਣਤੀ ਅਨੁਸਾਰ ਕਮਰੇ ਤੁਰੰਤ identify ਕਰ ਲਏ ਜਾਣ। ਇਹ ਯਕੀਨੀ ਬਣਾਇਆ ਜਾਵੇ ਕਿ ਚੁਣੇ ਗਏ ਕਮਰਿਆਂ ਦੀਆਂ ਕੰਧਾਂ (ਖਾਸ ਕਰਕੇ ਜਿਸ ਦੀਵਾਰ ਉੱਤੇ IFP ਲਗਾਇਆ ਜਾਣਾ ਹੈ) ਮਜ਼ਬੂਤ ਹੋਣ ਅਤੇ ਸੀਲਨ, ਦਰਾਰਾਂ, ਨਮੀ, ਪਾਣੀ ਦੀ ਲੀਕਿੰਗ ਆਦਿ ਤੋਂ ਰਹਿਤ ਹੋਣ।

(ii) ਕਮਰੇ ਇਸ ਤਰ੍ਹਾਂ ਚੁਣੇ ਜਾਣ ਕਿ ਉਨ੍ਹਾਂ ਵਿੱਚ ਕਲਾਸਾਂ ਰੋਟੇਸ਼ਨ ਅਨੁਸਾਰ ਲੱਗ ਸਕਣ, ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਸਹੂਲਤ ਦਾ ਲਾਭ ਲੈ ਸਕਣ।

(iii) ਸਕੂਲਾਂ ਵਿੱਚ ਮੌਜੂਦ Wi-Fi/Internet Connection ਦੀ ਰੇਂਜ ਸਮਾਰਟ ਕਲਾਸਰੂਮਾਂ ਲਈ ਚੁਣੇ ਗਏ ਕਮਰੇ ਤੱਕ ਹੋਣੀ ਲਾਜ਼ਮੀ ਹੈ, ਤਾਂ ਜੋ IFP ਨੂੰ Internet ਨਾਲ ਜੋੜਿਆ ਜਾ ਸਕੇ।

(iv) ਇੱਕ ਹਫ਼ਤੇ ਦੇ ਅੰਦਰ-ਅੰਦਰ ਚੁਣੇ ਗਏ ਕਮਰਿਆਂ ਵਿੱਚ ਬਿਜਲੀ ਦੀ ਸਪਲਾਈ ਅਤੇ IFPs ਦੇ Installation point ਤੋਂ ਇੱਕ ਮੀਟਰ ਦੇ ਘੇਰੇ ਵਿੱਚ 16A ਪਾਵਰ ਸਵਿੱਚ-ਸਾਕਟ ਉਪਲੱਬਧ ਹੋਣਾ ਯਕੀਨੀ ਬਣਾਇਆ ਜਾਵੇ। ਜੇਕਰ ਇਸ ਕਾਰਨ ਇੰਸਟਾਲੇਸ਼ਨ ਵਿੱਚ ਦੇਰੀ ਹੁੰਦੀ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

(v) ਕਮਰੇ ਵਿੱਚ ਮੌਜੂਦ ਬਲੈਕ ਬੋਰਡ ਆਦਿ ਨੂੰ ਸਾਫ਼ ਕਰਵਾ ਕਿ ਕਮਰੇ ਨੂੰ ਸੁੰਦਰ ਅਤੇ ਆਕਰਸ਼ਕ ਬਣਾਇਆ ਜਾਵੇ।

(vi) ਕੰਪਨੀ ਵੱਲੋਂ IFPs ਦੀ ਡਿਲੀਵਰੀ ਬੰਦ ਬਕਸਿਆਂ ਵਿੱਚ ਕੀਤੀ ਜਾਵੇਗੀ। ਸਕੂਲ ਪੱਧਰ ਤੇ IFPs ਦੇ ਬਕਸੇ ਨਾ ਖੋਲ੍ਹੇ ਜਾਣ। ਇਸ ਬਕਸੇ ਨੂੰ ਪ੍ਰਾਪਤ ਕਰਨ ਤੇ ਸਕੂਲ ਮੁਖੀ ਵੱਲੋਂ ਡਿਲੀਵਰੀ ਚਲਾਨ ਵਿੱਚ ਡਿਲੀਵਰੀ ਦੀ ਮਿਤੀ (DD/MM/YYYY), ਗਿਣਤੀ ਅਤੇ ਹੋਰ ਜਾਣਕਾਰੀ ਸਾਫ਼-ਸਾਫ਼ (ਪੜ੍ਹਨ ਯੋਗ) ਦਰਜ ਕਰਕੇ ਦਸਤਖ਼ਤ ਅਤੇ ਮੋਹਰ ਸਮੇਤ ਤਸਦੀਕ ਕੀਤਾ ਜਾਵੇ।

(vii) ਸਕੂਲ ਮੁਖੀਆਂ ਵੱਲੋਂ ਡਿਲੀਵਰੀ ਉਪਰੰਤ 24 ਘੰਟਿਆਂ ਦੇ ਅੰਦਰ-ਅੰਦਰ ਈ-ਪੰਜਾਬ ਪੋਰਟਲ ਤੇ "Delivery of Interactive Flat Panels" ਮੋਡਿਊਲ ਵਿੱਚ ਡਾਟਾ ਦੀ ਐਂਟਰੀ ਕਰਨੀ ਯਕੀਨੀ ਬਣਾਈ ਜਾਵੇ।

(viii) IFPs ਦੀ ਇੰਸਟਾਲੇਸ਼ਨ ਕੇਵਲ ਕੰਪਨੀ ਦੇ ਅਧਿਕਾਰਤ ਇੰਜੀਨੀਅਰਾਂ ਵੱਲੋਂ ਹੀ ਕੀਤੀ ਜਾਵੇਗੀ। ਜ਼ਿਲ੍ਹਾ ਵਾਇਜ਼ ਇੰਜੀਨੀਅਰਾਂ ਦੀ ਲਿਸਟ ਇੰਸਟਾਲੇਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਸਕੂਲਾਂ ਨੂੰ ਭੇਜ ਦਿੱਤੀ ਜਾਵੇਗੀ। ਇੰਜੀਨੀਅਰ ਦੀ ਆਈ.ਡੀ. ਜਾਂਚ ਉਪਰੰਤ ਹੀ ਇੰਸਟਾਲੇਸ਼ਨ ਦੀ ਇਜਾਜ਼ਤ ਦਿੱਤੀ ਜਾਵੇ।

(ix) ਸਕੂਲ ਮੁਖੀ ਅਤੇ ਇੱਕ ਅਧਿਆਪਕ ਆਪਣੀ ਨਿਗਰਾਨੀ ਹੇਠ ਕਮਰੇ ਵਿੱਚ IFP ਦੀ ਇੰਸਟਾਲੇਸ਼ਨ ਕਰਵਾਉਣਗੇ। ਇੰਸਟਾਲੇਸ਼ਨ ਉਪਰੰਤ IFPs ਨੂੰ ਇੱਕ ਵਾਰ ਚਲਾ ਕੇ ਤਸੱਲੀ ਕਰਦੇ ਹੋਏ, ਇਸ ਦਾ ਮੇਕ ਮਾਡਲ ਅਤੇ ਮੁੱਖ ਸਪੈਸੀਫਿਕੇਸ਼ਨ ਵੀ ਚੈੱਕ ਕੀਤੇ ਜਾਣ। ਇੰਸਟਾਲੇਸ਼ਨ ਤੋਂ ਸੰਤੁਸ਼ਟ ਹੋਣ ਉਪਰੰਤ ਹੀ ਇੰਸਟਾਲੇਸ਼ਨ ਰਿਪੋਰਟ ਵਿੱਚ ਇੰਸਟਾਲੇਸ਼ਨ ਦੀ ਮਿਤੀ(DD/MM/YYYY), ਗਿਣਤੀ, Serial number ਅਤੇ ਹੋਰ ਜਾਣਕਾਰੀ ਸਾਫ਼-ਸਾਫ਼(ਪੜ੍ਹਨ ਯੋਗ) ਦਰਜ ਕਰਕੇ ਦਸਤਖ਼ਤ ਅਤੇ ਮੋਹਰ ਸਮੇਤ ਤਸਦੀਕ ਕੀਤਾ ਜਾਵੇ। ਇੰਸਟਾਲੇਸ਼ਨ ਰਿਪੋਰਟ ਦੀ ਇੱਕ ਕਾਪੀ ਸਕੂਲ ਦੇ ਰਿਕਾਰਡ ਵਿੱਚ ਰੱਖਣੀ ਯਕੀਨੀ ਬਣਾਈ

ਜਾਵੇ। ਇੰਸਟਾਲੇਸ਼ਨ ਸਬੰਧੀ ਡਾਟਾ ਦੀ ਐਂਟਰੀ 24 ਘੰਟਿਆਂ ਦੇ ਅੰਦਰ ਈ-ਪੰਜਾਬ ਪੋਰਟਲ ਤੇ "Smart Classrooms Installation" ਮੋਡਿਊਲ ਵਿੱਚ ਕਰਨੀ ਯਕੀਨੀ ਬਣਾਈ ਜਾਵੇ।

(x) ਕੰਪਨੀ ਦੇ ਨੁਮਾਇੰਦੇ ਤੋਂ IFP ਦੀ On/Off ਪ੍ਰਕਿਰਿਆ ਅਤੇ ਲੋੜੀਂਦੀਆਂ ਸੈਟਿੰਗਾਂ ਸਬੰਧੀ ਜਾਣਕਾਰੀ ਲੈਣੀ ਯਕੀਨੀ ਬਣਾਈ ਜਾਵੇ।

(xi) ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਦੀ ਮਨਜ਼ੂਰੀ ਤੋਂ ਬਿਨਾਂ IFP ਨਾਲ ਸਬੰਧਤ ਕੋਈ ਵੀ ਸਮਾਨ ਸਕੂਲ ਦੀ ਬਿਲਡਿੰਗ ਤੋਂ ਬਾਹਰ ਨਾ ਲਿਜਾਣ ਦਿੱਤਾ ਜਾਵੇ। ।

(xii) ਸਟਾਕ ਰਜਿਸਟਰ ਵਿੱਚ IFPs ਦੀ ਐਂਟਰੀ ਕਰਨੀ ਯਕੀਨੀ ਬਣਾਈ ਜਾਵੇ ਅਤੇ Serial number ਲਾਜ਼ਮੀ ਦਰਜ ਕੀਤੇ ਜਾਣ। ਕੰਪਨੀ ਕੋਲ ਖਰਾਬ ਹੋਏ ਹਾਰਡਵੇਅਰ ਦੀ ਸ਼ਿਕਾਇਤ ਦਰਜ ਕਰਵਾਉਣ ਸਮੇਂ ਕੰਪਨੀ ਵੱਲੋਂ ਸਬੰਧਤ IFPs ਦੇ Serial Number ਦੀ ਮੰਗ ਕੀਤੀ ਜਾਵੇਗੀ।

(xiii) ਇੰਸਟਾਲੇਸ਼ਨ ਲਈ ਕੰਪਨੀ ਦੇ ਨੁਮਾਇੰਦਿਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

(xiv) IFPs ਦੀ ਵਾਰੰਟੀ ਅਤੇ ਬੀਮਾ 5 ਸਾਲ ਲਈ ਹੈ। ਵਾਰੰਟੀ ਸਮੇਂ ਦੌਰਾਨ ਹਾਰਡਵੇਅਰ/ਸਾਫਟਵੇਅਰ ਵਿੱਚ ਕਿਸੇ ਵੀ ਤਰ੍ਹਾਂ ਦੀ ਖਰਾਬੀ ਆਉਣ ਜਾਂ ਚੋਰੀ ਹੋਣ ਤੇ ਕੰਪਨੀ ਕੋਲ ਸ਼ਿਕਾਇਤ ਦਰਜ ਕਰਵਾਉਣ ਦੀ ਪੂਰੀ ਵਿਧੀ ਇੰਸਟਾਲੇਸ਼ਨ ਹੋਣ ਤੇ ਉਪਲੱਬਧ ਕਰਵਾ ਦਿੱਤੀ ਜਾਵੇਗੀ।

(xv) ਇੰਸਟਾਲੇਸ਼ਨ ਉਪਰੰਤ ਸਮਾਰਟ ਕਲਾਸਰੂਮਾਂ ਦੀ ਵਰਤੋਂ ਵਿਦਿਆਰਥੀਆਂ ਦੀ ਡਿਜਿਟਲ ਸਿੱਖਿਆ ਲਈ ਯਕੀਨੀ ਬਣਾਈ ਜਾਵੇ।

(xvi) ਕਿਸੇ ਵੀ ਤਰ੍ਹਾਂ ਦੇ ਨੁਕਸਾਨ, ਚੋਰੀ ਆਦਿ ਦੀ ਸਥਿਤੀ ਵਿੱਚ ਤੁਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਅਤੇ ਕੰਪਨੀ ਨੂੰ ਤੁਰੰਤ ਲਿਖਤੀ ਸੂਚਨਾ ਦਿੱਤੀ ਜਾਵੇ।

(xvii) IFPs ਵਿੱਚ ਕੋਈ ਵੀ ਗੈਰ-ਅਧਿਕਾਰਤ ਸਾਫਟਵੇਅਰ ਇੰਸਟਾਲ ਨਾ ਕੀਤਾ ਜਾਵੇ ਅਤੇ ਇਸਨੂੰ ਕੇਵਲ ਅਕਾਦਮਿਕ ਉਦੇਸ਼ਾਂ ਲਈ ਵਰਤਿਆ ਜਾਵੇ।

(xviii) ਪਾਵਰ ਫਲਕਚੂਏਸ਼ਨ ਤੋਂ ਬਚਾਅ ਲਈ ਉਚਿਤ MCB/Surge Protector/Earthing ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ।

6 ਜ਼ਿਲ੍ਹਾ ਸਿੱਖਿਆ ਅਫ਼ਸਰਾਂ(ਸੈ.ਸਿੱ) ਅਤੇ ਪ੍ਰੋਜੈਕਟ ਕੁਆਰਡੀਨੇਟਰਾਂ ਵੱਲੋਂ ਇੰਸਟਾਲੇਸ਼ਨ ਦੇ ਕੰਮ ਦਾ ਸਮੇਂ-ਸਮੇਂ ਤੇ ਨਿਰੀਖਣ ਕੀਤਾ ਜਾਵੇ ਅਤੇ ਇੰਸਟਾਲੇਸ਼ਨ ਦਾ ਤਸੱਲੀਬਖਸ਼ ਹੋਣਾ ਯਕੀਨੀ ਬਣਾਇਆ ਜਾਵੇ।

7 ਡਿਲੀਵਰੀ / ਇੰਸਟਾਲੇਸ਼ਨ ਦੀ ਮੋਨੀਟਰਿੰਗ ਅਤੇ ਸਕੂਲਾਂ ਤੋਂ ਰੋਜਾਨਾ ਡਾਟਾ ਇਕੱਠਾ ਕਰਨ ਲਈ ਜ਼ਿਲ੍ਹਾ ਪੱਧਰ ਤੇ ਕਿਸੇ ਅਧਿਕਾਰੀ/ਕਰਮਚਾਰੀ ਨੂੰ ਨੋਮੀਨੇਟ ਕਰ ਦਿੱਤਾ ਜਾਵੇ ਅਤੇ ਸਮੇਂ-ਸਮੇਂ ਤੇ ਇਸ ਦਫ਼ਤਰ ਦੀ ਲੋੜ ਅਨੁਸਾਰ ਇਹ ਡਾਟਾ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਵੱਲੋਂ ਵੈਰੀਫਾਈ ਕਰਕੇ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

8 ਸਬੰਧਤ ਕੰਪਨੀਆਂ ਵੱਲੋਂ ਸਕੂਲਾਂ ਦੇ ਗਰੁੱਪ ਬਣਾ ਕੇ VC ਰਾਹੀਂ Orientation Program ਕਰਵਾਇਆ ਜਾਵੇਗਾ, ਇਸ Orientation Program ਵਿੱਚ ਸਬੰਧਤ ਸਕੂਲਾਂ ਵੱਲੋਂ ਕੇਵਲ ਇੱਕ ID ਨਾਲ ਜੁਆਇਨ ਕਰਨਾ ਯਕੀਨੀ ਬਣਾਇਆ ਜਾਵੇ। VC ਦਾ ਲਿੰਕ WhatsApp ਰਾਹੀਂ ਭੇਜਿਆ ਜਾਵੇਗਾ।

9 ਸਕੂਲਾਂ ਨੂੰ ਡਿਲੀਵਰੀ ਅਤੇ ਇੰਸਟਾਲੇਸ਼ਨ ਸਬੰਧੀ ਸਮਾਂਬੱਧ ਸੂਚਨਾਂ ਭੇਜਣ ਹਿੱਤ WhatsApp Group ਬਣਾਇਆ ਜਾਵੇ। ਇਸ ਗਰੁੱਪ ਵਿੱਚ ਇਹ ਪ੍ਰੋਜੈਕਟ ਦੇਖ ਰਹੇ ਦਫ਼ਤਰ ਜ਼ਿਲ੍ਹਾ ਸਿੱਖਿਆ

ਅਫ਼ਸਰ (ਸੈ.ਸਿੱ) ਦੇ ਅਧਿਕਾਰੀ/ਕਰਮਚਾਰੀ, ਪ੍ਰੋਜੈਕਟ ਕੋਆਰਡੀਨੇਟਰ ਅਤੇ ਕੰਪਨੀ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ।

10 ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਆਪਣੇ ਜਿਲ੍ਹੇ ਦੇ ਸਕੂਲਾਂ ਵਿੱਚ IFPs ਇੰਸਟਾਲ ਕਰਨ ਲਈ ਕਮਰੇ ਤਿਆਰ ਹੋਣ ਦੀ ਰਿਪੋਰਟ 15 ਜਨਵਰੀ 2026 ਸ਼ਾਮ 3 ਵਜੇ ਤੋਂ ਪਹਿਲਾਂ-ਪਹਿਲਾਂ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਉਣਗੇ।

06.01.26

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**

ਪਿੰ:ਨੰ:ਅੰ:-ਉਕਤ ਮਿਤੀ : 06/01/2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡੀ.ਜੀ.ਐਸ.ਈ, ਪੰਜਾਬ।
3. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)।
4. ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ)।
5. ਡਾਇਰੈਕਟਰ, ਐਸ.ਸੀ.ਈ.ਆਰ.ਟੀ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ IFPs ਦੀ ਪ੍ਰਭਾਵਸ਼ਾਲੀ ਵਰਤੋਂ ਲਈ ਈ-ਕੰਟੈਂਟ, ਡਿਜਿਟਲ ਪਾਠ-ਸਮੱਗਰੀ, ਐਜੂਕੇਸ਼ਨ ਐਪਲੀਕੇਸ਼ਨਾਂ ਆਦਿ ਰਾਹੀਂ ਪੜ੍ਹਾਈ ਕਰਵਾਉਣ ਸਬੰਧੀ ਦਫ਼ਤਰ ਐਸ.ਸੀ.ਈ.ਆਰ.ਟੀ., ਪੰਜਾਬ ਵੱਲੋਂ ਸਬੰਧਤ ਸਕੂਲਾਂ ਨੂੰ ਉਚਿਤ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।
6. ਸਮੂਹ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰ।
7. ਸਬੰਧਤ ਕੰਪਨੀਆਂ।

06.01.26

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**